# Surrey School District

Surrey Schools . . . Keeping Learners at the Centre

Tel: 604.596.7733
Fax: 604.596.7941
www.sd36.bc.ca


ਦਸਬੰਰ 13, 2007

## ਸੁਪਰਇਨਟੈਨਡੈਂਟ ਦੀ ਰੀਪੋਰਟ ਵਿੱਚ ਸਰੀ ਸਕੂਲਾਂ ਵਿੱਚੋਂ 12ਵੀਂ ਚੋਂ ਪਾਸ ਹੋਣ ਵਾਲਿਆਂ ਦੀ ਗਿਣਤੀ ਦਾ ਰਿਕਾਰਡ

**District's record high graduation rate highlight of Superintendent's Report**

ਇਸ ਰਿਪੋਰਟ ਵਿੱਚ ਕਾਮਯਾਬੀਆਂ ਅਤੇ ਪਿਛਲੇ ਸਾਲ ਦੀਆਂ ਦਿਕਤਾਂ

ਆਪਣੀ ਸਲਾਨਾ 2006/07 ਦੀ ਰੀਪੋਰਟ ਵਿੱਚ, ਜੋ ਕਿ ਇੱਕ ਪਬਲਿਕ ਮੀਟਿੰਗ ਵਿੱਚ ਸਕੂਲ ਬੋਰਡ ਨੂੰ ਪ੍ਰਦਾਨ ਕੀਤੀ ਗਈ, ਸਕੂਲ ਦੇ ਸੁਪਰਇਨਟੈਨਡੈਂਟ, ਮਾਈਕ ਮਕੇਅ ਨੇ ਵਿਦਿਆਰਥੀਆਂ ਦੀ ਤਰੱਕੀ ਬਾਰੇ ਦੱਸਿਆ । ਇਹ ਰੀਪੋਰਟ ਸਰ੍ਹੀ ਅਤੇ ਸੂਬੇ ਦੇ ਵੱਖ ਵੱਖ ਮੁਕਾਬਲਿਆਂ ਨੂੰ ਮੁੱਖ ਰੱਖ ਕੇ ਪੇਸ਼ ਕੀਤੀ ਗਈ । ਇਸ ਰਿਪੋਰਟ ਵਿੱਚ ਕਈ ਨਵੇਂ ਰਿਕਾਰਡਾਂ ਦੀ ਸਥਾਪਤੀ ਬਾਰੇ, ਜਿਸ ਵਿੱਚ ਸਕੂਲਾਂ ਤੋਂ ਗਰੈਜੂਏਸ਼ਨ ਦਾ ਰਿਕਾਰਡ 8ਵੀਂ ਪਹੁੰਚਣ ਤੋਂ ਬਾਅਦ 6 ਸਾਲਾਂ ਵਿੱਚ ਪੂਰਾ ਕਰਨਾ ਹੁੰਦਾ ਹੈ, ਬਾਰੇ ਵੀ ਦਰਸਾਇਆ ਗਿਆ । ਸਾਲ 2006/07 ਨੂੰ ਸਰ੍ਹੀ ਵਿੱਚੋਂ 83.4 ਫੀਸਦੀ ਵਿਦਿਆਰਥੀਆਂ ਨੇ 12ਵੀਂ ਵਿੱਚੋਂ ਗਰੈਜੂਏਸ਼ਨ ਲਈ, ਇਹ ਰੇਟ ਸੂਬੇ ਦੇ 81 ਫੀਸਦੀ ਦੇ ਰੇਟ ਤੋਂ ਵਧੀਆ ਹੈ । ਮਾਈਕ ਮਕੇਅ ਨੇ ਆਪਣੀ ਰਿਪੋਰਟ ਵਿੱਚ ਕਿਹਾ ਕਿ, "ਇਸ ਤਰਾਂ ਦੀਆਂ ਕਾਮਯਾਬੀਆਂ ਦੀ, ਹਰ ਪਹਿਲੂ ਵਿੱਚ ਓਨਤੀ ਦਾ ਸਿਹਰਾ ਸਾਡੇ ਅਧਿਆਪਕਾਂ ਓਪਰ ਹੈ ਅਤੇ ਓਹਨਾਂ ਦੀ ਸਨਮਾਨਿਤਾ ਕਰਨਾ ਬਹੁਤ ਜ਼ਰੂਰੀ ਹੈ ।

ਇਸ ਰਿਪੋਰਟ ਦੀਆਂ ਕੁੱਝ ਹੋਰ ਝਲਕੀਆਂ ਇਹ ਸਨ :

- ਕੋਈ 450 ਤੋਂ ਵੱਧ ਵਿਦਿਆਰਥੀਆਂ ਨੇ ਸੂਬੇ ਵਲੋਂ ਵਜ਼ੀਫੇ ਲਏ
- 293 ਵਿਦਿਆਰਥੀਆਂ ਨੇ ਜਿਲੇ ਵਲੋਂ ਵਜ਼ੀਫੇ ਲਏ, ਇਹ ਇੱਕ ਨਵਾਂ ਰਿਕਾਰਡ ਹੈ
- 393 ਵਿਦਿਆਰਥੀਆਂ ਨੇ ਅਪਰੈਂਟਿਸਸ਼ਿਪ ਪ੍ਰੋਗਰਾਮਾਂ ਵਿੱਚ ਦਾਖਲਾ ਲਿਆ
- ਫਾਈਨ ਆਰਟਸ ਦੇ ਖੇਤਰ ਵਿੱਚ ਪਹਿਲਾਂ ਦੇ ਸਾਲ ਨਾਲੋਂ 14% ਵੱਧ ਵਿਦਿਆਰਥੀਆਂ ਨੇ ਭਾਗ ਲਿਆ

ਇਸ ਤੋਂ ਇਲਾਵਾ 8 ਮਜ਼ਬੂਨਾਂ ਵਿੱਚੋਂ 7 ਮਜ਼ਬੂਨਾਂ ਵਿੱਚ ਸਾਡੇ ਵਿਦਿਆਰਥੀਆਂ ਦਾ ਪਾਸ ਹੋਣ ਦਾ ਰੇਟ ਸੂਬੇ ਦੀ ਔਸਤ ਤੋਂ ਅੱਗੇ ਹੈ । 12ਵੀ ਦੀ ਕਲਾਸ ਦੇ ਵਿਦਿਆਰਥੀਆਂ ਨੇ, ਔਪਸ਼ਨਲ 14 ਮਜ਼ਬੂਨਾਂ ਵਿੱਚੋਂ 12 ਵਿੱਚ ਸੂਬੇ ਦੀ ਔਸਤ ਤੋਂ ਵੱਧ ਪਾਸ ਹੋਣ ਦਾ ਰੇਟ ਪ੍ਰਾਪਤ ਕੀਤਾ । ਇਸ ਰਿਪੋਰਟ ਵਿੱਚ ਇਹ ਵੀ ਦਰਸਾਇਆ ਗਿਆ ਕਿ ਪੜਾਓਣ ਦੇ ਨਵੇਂ ਤੌਰ ਤਰੀਕਿਆਂ ਰਾਹੀਂ ਛੋਟੇ ਬੱਚੇ ਜਿਨ੍ਹਾਂ ਨੂੰ ਸਿੱਖਣ ਵਿੱਚ ਦਿੱਕਤ ਆਓਂਦੀ ਹੈ ਓਹਨਾਂ ਦਾ ਰੇਟ 2/3 ਘੱਟ ਗਿਆ ਹੈ । ਇਹ ਬੱਚੇ ਓਹ ਹਨ ਜਿਹਨਾਂ ਨੂੰ ਸਕੂਲ ਦੇ ਸਾਲ ਦੇ ਅੰਤ ਤੱਕ ਪੜ੍ਹਨ ਲਿਖਣ ਵਿੱਚ ਮੁਸ਼ਕਿਲਾਂ ਪੇਸ਼ ਆਓਂਦੀਆਂ ਹਨ ।

ਸਕੂਲ ਬੋਰਡ ਦੇ ਚੇਅਰਮੈਨ, ਸ਼ਾਨ ਵਿਲਸਨ ਨੇ ਕਿਹਾ ਕਿ, "ਬੋਰਡ ਇਸ ਰਿਪੋਰਟ ਤੋਂ ਬਹੁਤ ਪ੍ਰਭਾਵਿਤ ਹੈ ਅਤੇ ਸਕੂਲ ਦੇ ਲੀਡਰਾਂ ਅਤੇ ਅਧਿਆਪਕਾਂ ਦੀ ਮਿਹਨਤ ਦੀ ਸ਼ਲਾਘਾ ਕਰਦਾ ਹੈ । ਸਕੂਲ ਟਰਸਟੀਜ਼ ਇਸ ਰਿਪੋਰਟ ਦੀਆਂ, ਖਾਸ ਕਰਕੇ ਇਥੋਂ ਦੇ ਆਦਿ ਵਾਸੀ ਮੂਲ ਦੇ ਵਿਦਿਆਂਰਥੀਆਂ ਦੀ ਤਰੱਕੀ ਬਾਰੇ ਵੀ ਵਿਚਾਰ ਕਨਰਗੇ " । ਕਈ ਤਰਾਂ ਦੇ ਨਵੇਂ ਪ੍ਰੋਗਰਾਮਾਂ ਬਾਰੇ ਇਸ ਰਿਪੋਰਟ ਵਿੱਚ ਜਾਣਕਾਰੀ ਦਿੱਤੀ ਗਈ ਜੋ ਇਥੋਂ ਦੇ ਆਦਿ ਵਾਸੀ ਮੂਲ ਦੇ ਵਿਦਿਆਂਰਥੀਆਂ ਦੀ ਤਰੱਕੀ ਬਾਰੇ ਮਦਦ ਕਰਨਗੇ, ਇਹਨਾਂ ਵਿੱਚੋਂ ਇੱਕ ਐਬੋਰਿਜਨਲ ਇਨਹੈਸਮੈਂਟ ਸਮਝੌਤਾ ਹੈ ਜੋ ਅਗਲੇ ਸਾਲ ਆਦਿ ਵਾਸੀਆਂ ਦੇ ਭਾਈਚਾਰੇ ਨਾਲ ਕੀਤਾ ਜਾਵੇਗਾ । ਇਸ ਮਹੀਨੇ ਦੇ ਅੰਤ ਵਿੱਚ ਇੱਕ ਹੋਰ ਰੀਪੋਰਟ ਬਾਰੇ ਜ਼ਿਕਰ ਕੀਤਾ ਜੋ ਇਸ ਮਹੀਨੇ ਦੇ ਅੰਤ ਵਿੱਚ ਪੇਸ਼ ਕੀਤੀ ਜਾਏਗੀ ਅਤੇ ਇਸ ਵਿੱਚ ਕਈ ਤਰਾਂ ਦੀਆਂ ਸਲਾਹਾਂ ਦਿੱਤੀਆਂ ਜਾਣਗੀਆਂ ।

ਇਹ ਰੀਪੋਰਟ ਜੋ ਸੁਪਰਇਨਟੈਨਡੈਂਟ ਵਲੋਂ ਜਾਰੀ ਕੀਤੀ ਗਈ, ਇਸਦੇ ਸਾਰੇ ਅੰਕੜੇ ਇੱਕ 13ਵੀਂ ਸਲਾਨਾ ਰੀਪੋਰਟ ਜੋ ਵਿਦਿਆਰਥੀਆਂ ਦੇ ਸਿੱਖਣ ਵਾਲੀ ਇੱਕ ਕਮੇਟੀ ਵਲੋਂ ਜਾਰੀ ਕੀਤੀ ਗਈ, ਓਸ ਓਪਰ ਨਿਰਭਰ ਹਨ। ਦੋਨੋਂ ਹੀ ਰੀਪੋਰਟਾਂ ਸਰੀ ਸਕੂਲ ਡਿਸਟਰਿਕਟ ਦੀ ਵੈਬ ਸਾਈਟ ਓਪਰ ਛੱਪ ਚੁੱਕੀਆਂ ਹਨ ਅਤੇ ਇਸ ਪਤੇ ਓਪਰ ਕੰਪਿਊਟਰ ਰਾਹੀਂ ਦੇਖੀਆਂ ਜਾ ਸਕਦੀਆਂ ਹਨ : www.sd36.bc.ca/general/reports.

ਹੋਰ ਜਾਣਕਾਰੀ ਲਈ, ਤੁਸੀਂ ਸੰਪਰਕ ਕਰ ਸਕਦੇ ਹੋ:

ਡੱਗ ਸਟਰੈਕਨ , ਸੰਚਾਰ ਵਿਭਾਗ ਦੇ ਮੈਨੇਜਰ, ਦਫਤਰ ਦਾ ਫੋਨ: 604-599-7468 ਜਾਂ ਮੋਬਾਈਲ ਦਾ ਨੰਬਰ: 778-772-5032